# ਜਨਤਕ ਸੂਚਨਾ

ਐਸ.ਏ.ਐਸ ਨਗਰ ਦੇ ਮਾਸਟਰ ਪਲੈਨ ਅਨੁਸਾਰ ਆਈ.ਟੀ.ਸਿਟੀ ਅਤੇ ਐਰੋਸਿਟੀ ਦੇ ਨਾਲ ਲੱਗਦੀ ਭੌਂ ਨੂੰ ਵਿਕਸਿਤ ਕਰਨ ਲਈ ਗਮਾਡਾ ਵੱਲੋਂ ਐਰੋਟ੍ਰੋਪਾਲਿਸ ਸਕੀਮ (ਪਾਕਿਟ ਏ, ਬੀ, ਸੀ ਅਤੇ ਡੀ) ਲਾਂਚ ਕੀਤੀ ਗਈ ਸੀ। ਜਿਸ ਦੀ ਸਥਾਪਨਾ ਲਈ ਸਰਕਾਰ ਦੁਆਰਾ **"The Right to Fair Compensation & Transparency in Land Acquisition, Rehabilitation & Resettlement Act 2013"**, ਦੇ ਤਹਿਤ ਭੌਂ ਪ੍ਰਾਪਤ ਕੀਤੀ ਗਈ ਹੈ। ਪਾਕਿਟਵਾਰ ਅਵਾਰਡ ਭੌਂ ਪ੍ਰਾਪਤੀ ਕੁਲੈਕਟਰ ਜੀ ਵੱਲੋਂ ਮਿਤੀ 08.01.2021 ਨੂੰ ਸੁਨਾ ਦਿੱਤੇ ਗਏ ਹਨ। ਅਵਾਰਡ ਸੁਣਾਉਣ ਤੋਂ ਪਹਿਲਾਂ ਸਬੰਧਤ ਪਿੰਡਾਂ ਵਿੱਚ ਅਵਾਰਡ ਸੁਣਾਏ ਜਾਣ ਬਾਰੇ ਮੁਸਤਰੀ ਮੁਨਾਇਦੀ ਰਾਹੀਂ ਕਰਵਾ ਦਿੱਤੀ ਗਈ ਸੀ। ਸੁਣਾਏ ਗਏ ਅਵਾਰਡ ਗਮਾਡਾ ਦੀ ਵੈਬ ਸਾਈਟ ਤੇ ਵੀ ਅਪਲੋਡ ਕਰ ਦਿੱਤੇ ਗਏ ਹਨ, ਜਿੱਥੋਂ ਭੌਂ ਮਾਲਕ ਅਵਾਰਡ ਦੀ ਕਾਪੀ ਪ੍ਰਾਪਤ ਕਰ ਸਕਦੇ ਹਨ ਅਤੇ ਅਵਾਰਡ ਸਬੰਧੀ ਜਾਣਕਾਰੀ ਵੀ ਲੈ ਸਕਦੇ ਹਨ। ਅਵਾਰਡ ਸਮੇਂ ਜੋ ਭੌਂ ਮਾਲਕ ਹਾਜ਼ਰ ਸਨ, ਨੂੰ ਅਵਾਰਡ ਵਿੱਚ ਦਰਸਾਏ ਅਨੁਸਾਰ ਉਹਨਾਂ ਦੀ ਪ੍ਰਾਪਤ ਕੀਤੀ ਗਈ ਭੌਂ ਦੇ ਈਵਜ਼ ਵਿੱਚ ਦਿੱਤੇ ਜਾਣ ਵਾਲੇ ਮੁਆਵਜ਼ੇ ਅਤੇ ਹੋਰ ਦਿੱਤੇ ਜਾਣ ਵਾਲੇ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਦਿੱਤੀ ਗਈ ਸੀ। ਜਿਹੜੇ ਭੌਂ ਮਾਲਕ ਅਵਾਰਡ ਸੁਣਾਏ ਜਾਣ ਸਮੇਂ ਹਾਜ਼ਰ ਨਹੀਂ ਸਨ, ਉਹਨਾਂ ਨੂੰ ਇਸ ਜਨਤਕ ਸੂਚਨਾ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਹਨਾਂ ਅਵਾਰਡਾਂ ਸਬੰਧੀ ਜਾਣਕਾਰੀ ਲੈਣ ਲਈ ਕਿਸੇ ਵੀ ਦਫਤਰੀ ਕੰਮ-ਕਾਜ਼ ਵਾਲੇ ਦਿਨ ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਪੁੱਡਾ ਭਵਨ, ਸੈਕਟਰ 62, ਮੋਹਾਲੀ ਵਿੱਚ ਆ ਕੇ ਸੂਚਨਾ ਪ੍ਰਾਪਤ ਕਰ ਸਕਦੇ ਹਨ। ਦਫਤਰ ਵਿੱਚ ਉਹਨਾਂ ਦੀ ਸਹੂਲੀਅਤ ਲਈ ਹੈਲਪ-ਡੈਕਸ (Help-desk) ਲਗਾ ਦਿੱਤੇ ਹਨ, ਜਿੱਥੇ ਆ ਕੇ ਉਹ ਆਪਣੇ ਰਕਬੇ ਦੀ ਜਾਣਕਾਰੀ ਅਤੇ ਹੋਰ ਸੂਚਨਾ ਪ੍ਰਾਪਤ ਕਰ ਸਕਦੇ ਹਨ। ਸੁਣਾਏ ਗਏ ਅਵਾਰਡਾਂ ਦਾ ਵੇਰਵਾ ਹੇਠ ਅਨੁਸਾਰ ਹੈ :-

| Pocket | Village | Area (in acres) | Award No. and Date |
|---|---|---|---|
| Pocket -A | Bakarpur, Rurka and Safipur | 581.1867 | 573/08.01.2021 |
| Pocket -B | Matran, Siaun and Manauli | 206.3896 | 574/08.01.2021 |
| Pocket -C | Siaun, Manauli and Patton | 242.5396 | 575/08.01.2021 |
| Pocket -D | Chau Majra, Saini Majra, Patton and Manauli | 493.5708 | 576/08.01.2021 |

**ਭੌਂ ਪ੍ਰਾਪਤੀ ਕੁਲੈਕਟਰ**

**ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ**

**ਪੁੱਡਾ ਭਵਨ, ਸੈਕਟਰ 62, ਸਾਹਿਬਜ਼ਾਦਾ ਅਜੀਤ ਸਿੰਘ ਨਗਰ**